**SET-4**

**Series ЄABA€/C**

**Q.P. Code 4**

Roll No. | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **5** ਪੰਨੇ ਹਨ ।
- ਪ੍ਰਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **13** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **5** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **13** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾ : 2 ਘੰਟੇ* | *ਪੂਰਨ ਅੰਕ : 40*

*Time allowed : 2 hours* | *Maximum Marks : 40*

***ਆਮ ਨਿਰਦੇਸ਼ :***

*ਹੇਠ ਲਿਖੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਇਸ ਪ੍ਰਸ਼ਨ-ਪੱਤਰ ਵਿੱਚ **ਤਿੰਨ** ਭਾਗ ਹਨ – ਪ੍ਰਭਾਵਸ਼ਾਲੀ ਲਿਖਣ-ਕੌਸ਼ਲ, ਅਡਵਾਂਸ ਪੜ੍ਹਨ-ਕੌਸ਼ਲ ਅਤੇ ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) ।*
- ***ਭਾਗ ਪਹਿਲਾ** – 'ਪ੍ਰਭਾਵਸ਼ਾਲੀ ਲਿਖਣ-ਕੌਸ਼ਲ' ਵਿੱਚ **ਦੋ (2)** ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਦੂਜਾ** – 'ਅਡਵਾਂਸ ਪੜ੍ਹਨ-ਕੌਸ਼ਲ' ਵਿੱਚ **ਇੱਕ (1)** ਪ੍ਰਸ਼ਨ ਹੈ ਜਿਸਨੂੰ ਦਿੱਤੀ ਹਦਾਇਤ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਤੀਜਾ** – 'ਸਾਹਿਤ' (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) ਦਾ ਹੈ ਜਿਸ ਵਿੱਚ ਕੁੱਲ **ਦਸ (10)** ਪ੍ਰਸ਼ਨ ਹਨ । ਪ੍ਰਸ਼ਨਾਂ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ **ਪੰਜ (5)** ਪ੍ਰਸ਼ਨ ਹੱਲ ਕੀਤੇ ਜਾਣ ।*

***General Instructions :***

*Read the following instructions carefully and follow them :*

- *This question paper contains **three** sections – Writing Skill, Advanced Reading Skill and Literature (Text-Books Based Questions).*
- ***Part A** (Writing Skill) contains **two (2)** questions. Attempt both questions based on instructions given in the question itself.*
- ***Part B** (Advanced Reading Skill) consist **one (1)** question. Attempt the question according to the instruction given in the question itself.*
- ***Part C** Literature (Text-Books Based Questions) contains **ten (10)** questions. Attempt **five (5)** questions as per the instructions given in the question itself.*

## ਭਾਗ ਪਹਿਲਾ : ਪ੍ਰਭਾਵਸ਼ਾਲੀ ਲਿਖਣ–ਕੌਸ਼ਲ

**(PART A : Writing Skill)** *8+10=18*

**1.** ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ । ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ । ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ । *8*

**ਜਾਂ**

ਆਪਣੇ ਜਿਲ੍ਹੇ ਦੇ ਆਮਦਨ–ਕਰ ਅਧਿਕਾਰੀ ਨੂੰ ਪੱਤਰ ਲਿਖੋ, ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾਂ ਕਰਵਾਇਆ ਗਿਆ ਟੈਕਸ, ਵਾਪਸ ਕਰਨ ਲਈ ਬੇਨਤੀ ਕਰੋ ।

**2.** ਦਿੱਤੇ ਗਏ ਕਿਸੇ ***ਇੱਕ*** ਵਿਸ਼ੇ ਤੇ 125 ਤੋ 150 ਸ਼ਬਦਾਂ ਵਿੱਚ ਇੱਕ ਪੈਰੇ ਦੀ ਰਚਨਾ ਕਰੋ । *10*

ਤੰਦਰੁਸਤੀ

**ਜਾਂ**

ਕੰਪਿਊਟਰ

## ਭਾਗ ਦੂਜਾ : ਅਡਵਾਂਸ ਪੜ੍ਹਨ–ਕੌਸ਼ਲ

**(PART B : Advanced Reading Skill)** *7+1=8*

**3.** ਹੇਠ ਦਿੱਤੇ ਗਏ ਕਿਸੇ ***ਇੱਕ*** ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸਦਾ ਸਿਰਲੇਖ ਵੀ ਲਿਖੋ ।

ਹਉਮੈ–ਹੰਕਾਰ ਮਨੁੱਖ ਦੀ ਪ੍ਰਕ੍ਰਿਤੀ–ਪ੍ਰਵਿਰਤੀ ਵਿੱਚ ਹੀ ਹੈ । ਮਨੁੱਖ ਦੀ ਹੋਂਦ–ਵਿਧੀ ਹੀ ਇਸ ’ਤੇ ਆਧਾਰਿਤ ਹੈ । ਪਰ ਧਨ–ਦੌਲਤ ਜਾਂ ਜ਼ਮੀਨ–ਜਾਇਦਾਦ ’ਚ ਇਕਦਮ ਵਾਧਾ; ਯੋਗਤਾ ਤੇ ਸਮਰੱਥਾ ਤੋ ਵੱਡਾ ਅਹੁਦਾ ਜਾਂ ਮਾਣ–ਸਨਮਾਨ ਮਿਲ਼ ਜਾਣਾ, ਸ਼ੁਹਰਤ ਤੇ ਪ੍ਰਸਿੱਧੀ ਪ੍ਰਾਪਤ ਹੋ ਜਾਣੀ ਅਤੇ ਅਚਨਚੇਤ ਕੋਈ ਹੋਰ ਅਜਿਹੀ ਸ਼ਕਤੀ ਜਾਂ ਸਮਰੱਥਾ ਪ੍ਰਾਪਤ ਹੋ ਜਾਣੀ ਹਉਮੈ–ਹੰਕਾਰ ਦੇ ਪਾਰੇ ਨੂੰ ਸਤਵੇਂ ਅਸਮਾਨ ’ਤੇ ਲੈ ਜਾਂਦੀ ਹੈ । ਇਸ ਅਵਸਥਾ ਵਿੱਚ ਹੰਕਾਰੀ ਆਪਣੀ ਤਾਕਤ ਦਾ ਵਿਖਾਵਾ ਚਾਪਲੂਸਾਂ ਦੇ ਇਕੱਠ ਵਿੱਚ ਕਰਦੇ ਹਨ ਅਤੇ ਆਪਣੀ ਪ੍ਰਸ਼ੰਸਾ ਲਈ ਜੁਗਾੜਬੰਦੀ ਕਰਦੇ ਰਹਿੰਦੇ ਹਨ । ਉਹਨਾਂ ਦੇ ਕੰਨ ਚਾਪਲੂਸਾਂ ਦੇ ਸ਼ਬਦ ਸੁਣਨ ਦੇ ਆਦੀ ਹੋ ਜਾਂਦੇ ਹਨ ।

ਹਉਮੈ ਦਾ ਸਭ ਤੋ ਵੱਧ ਸ਼ਿਕਾਰ ਮੱਧ–ਵਰਗ ਅਤੇ ਇਸ ਵਿੱਚੋਂ ਵੀ ਇਸ ਵਰਗ ਦੀਆਂ ਔਰਤਾਂ ਹੁੰਦੀਆਂ ਹਨ । ਇਹ ਵਰਗ ਆਪਣੇ ਨਾਮਕਰਨ ਅਨੁਸਾਰ ਥਾਲ਼ੀ ਵਿੱਚ ਪਏ ਬੈਂਗਣ ਵਾਂਗ ਹੁੰਦਾ ਹੈ । ਇਹ ਖੁਸ਼ੀ 'ਚ ਫੁੱਲ ਕੇ ਕੁੱਪਾ ਹੋ ਜਾਂਦਾ ਹੈ ਅਤੇ ਗ਼ਮ ਵਿੱਚ ਝੱਗ ਵਾਂਗ ਛੇਤੀ ਹੀ ਦਮ-ਖ਼ਮ ਛੱਡ ਜਾਂਦਾ ਹੈ । ਇਹ ਸਥਿਰ–ਸਹਿਜ, ਸਮਤੋਲ–ਸੰਤੁਲਿਤ ਤੇ ਇਕਸਾਰ ਨਹੀ ਰਹਿ ਸਕਦਾ । ਚੜ੍ਹਦੇ ਸੂਰਜ ਨੂੰ ਅੱਗੇ ਵਧ–ਵਧ ਸਲਾਮਾਂ ਕਰਨ ਵਾਲ਼ੇ ਇਸ ਵਰਗ ਵਿੱਚੋਂ ਅਸਲੀ ਇਨਸਾਨ ਵਿਰਲੇ ਕੋਈ–ਕੋਈ ਹੀ ਹਨ । ਹਉਮੈ ਕ੍ਰੋਧ ਦੀ ਮਾਂ ਹੈ ਅਤੇ ਕ੍ਰੋਧ ਦੀ ਅੱਗ ਮਨੁੱਖ ਨੂੰ ਅੰਦਰੋ–ਬਾਹਰੋ ਸਾੜ ਸੁੱਟਦੀ ਹੈ ।

**ਜਾਂ**

ਦੋਸਤੀ, ਜ਼ਿੰਦਗੀ ਦੀ ਰੌਣਕ ਅਤੇ ਨਿੱਘ ਹੁੰਦੀ ਹੈ । ਦੋਸਤੀ ਬੀਮਾਰ ਲਈ ਦਵਾਈ ਦਾ ਕੰਮ ਕਰਦੀ ਹੈ । ਦੋਸਤ ਦੀ ਹਾਜ਼ਰੀ ਵਿੱਚ ਬੀਮਾਰੀ ਦੂਰ ਭੱਜਦੀ ਹੈ । ਦੋਸਤ ਬਾਂਹਾਂ ਹੁੰਦੇ ਹਨ । ਦੋਸਤੀ ਗ਼ਮਾਂ ਦੀ ਪੰਡ ਨੂੰ ਹੌਲੀ ਕਰਦੀ ਹੈ । ਦੋਸਤੀ ਜ਼ਿੰਦਗੀ ਦੀ ਅਸੀਸ ਹੁੰਦੀ ਹੈ । ਮਨੁੱਖੀ ਰਿਸ਼ਤਿਆਂ ਵਿੱਚ ਦੋਸਤੀ ਦੀ ਮਹੱਤਵਪੂਰਨ ਭੂਮਿਕਾ ਹੈ । ਸਵੀਡਨ ਦੇ ਸਿਆਣਿਆਂ ਦੀ ਸਮਝਦਾਰੀ ਹੈ ਕਿ ਘੱਟ ਦੋਸਤਾਂ ਵਾਲਾ ਮਨੁੱਖ ਵਧਦੀ ਉਮਰ ਨਾਲ ਦਿਮਾਗ਼ੀ ਤੌਰ ਤੇ ਬਿਮਾਰ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਮਾਨਸਿਕ ਪਰੇਸ਼ਾਨੀਆਂ ਤੇ ਦਿਮਾਗ਼ੀ ਸਮੱਸਿਆਵਾਂ ਦਾ ਸ਼ਿਕਾਰ ਹੋ ਜਾਂਦਾ ਹੈ । ਇਕੱਲਤਾ ਆਪਣੇ ਆਪ ਵਿੱਚ ਹੀ ਬਿਮਾਰੀ ਹੈ । ਇਕੱਲਤਾ ਮਨ–ਮਸਤਕ ਨੂੰ ਸਮਤੋਲ ਨਹੀ ਰਹਿਣ ਦਿੰਦੀ । ਦੋਸਤੀ, ਇਕੱਲਤਾ ਨੂੰ ਰਹਿਣ ਹੀ ਨਹੀ ਦਿੰਦੀ । ਉਦਾਸੇ–ਮਸੋਸੇ ਮਨਾਂ ਲਈ ਦੋਸਤੀ ਦਵਾ ਹੈ । ਇਸ ਲਈ ਦਿੱਲ–ਦਿਮਾਗ ਨੂੰ ਤੰਦਰੁਸਤ ਰੱਖਣ ਲਈ ਦੋਸਤ ਜ਼ਰੂਰੀ ਹਨ । ਦੋਸਤੀ ਦਾ ਵਿਸ਼ਾਲ ਹੋਣਾ ਹੀ ਲਾਹੇਵੰਦ ਹੈ । ਧਨ–ਦੌਲਤ ਤੇ ਜਾਇਦਾਦ ਅਤੇ ਹੋਰ ਰਿਸ਼ਤੇ–ਨਾਤੇ ਧੋਖਾ ਦੇ ਸਕਦੇ ਹਨ, ਪਰ ਸਾਂਭੀ–ਸੰਭਾਲੀ ਦੋਸਤੀ ਹਮੇਸ਼ਾਂ ਵਫ਼ਾਦਾਰੀ ਤੇ ਵਿਸ਼ਵਾਸ ਦਾ ਪੱਖ ਪੂਰਦੀ ਹੈ । ਜਿਸ ਦੇ ਜਿੰਨੇ ਜ਼ਿਆਦਾ ਦੋਸਤ ਹੋਣਗੇ, ਉਨਾ ਹੀ ਉਹ ਤਨਾਉ–ਮੁਕਤ ਹੋਵੇਗਾ ਤੇ ਆਪਣੇ–ਆਪ ਨੂੰ ਹਰ ਖ਼ਤਰੇ ਤੋ ਸੁਰੱਖਿਅਤ ਸਮਝੇਗਾ । ਦੋਸਤ ਸੰਕਟ–ਮੋਚਨ ਦਾ ਕੰਮ ਕਰਦੇ ਹਨ । ਦੋਸਤਾਂ ਦੀ ਗਿਣਤੀ ਜ਼ਿੰਦਗੀ ਦੇ ਵਰ੍ਹਿਆਂ ਵਿੱਚ ਵਾਧਾ ਕਰਦੀ ਹੈ । ਦੋਸਤੀ ਜ਼ਿੰਦਗੀ ਵਿੱਚ ਉਤਸ਼ਾਹ ਦਾ ਸੋਮਾ ਹੁੰਦੀ ਹੈ । ਦੋਸਤੀ ਦਾ ਇੱਕ–ਦੂਜੇ ਨੂੰ ਉਤਸਾਹਿਤ ਕਰਨ ਦਾ ਮੌਕਾ ਹੁੰਦੀ ਹੈ । ਤਿਆਗ ਤੇ ਕੁਰਬਾਨੀ ਦੋਸਤੀ ਦੇ ਖਾਤੇ 'ਚ ਲਿਖੀ ਅਟੱਲ ਸਚਾਈ ਹੈ । ਤੋਹਫਿਆਂ ਦਾ ਵਟਾਂਦਰਾ ਦੋਸਤਾਂ 'ਚ ਗ਼ੈਰਹਾਜ਼ਰ ਰਹਿੰਦਾ ਹੈ । ਦੋਸਤ ਦੇ ਮਨ–ਮਸਤਕ ਵਿੱਚ ਆਪਣੇ ਦੋਸਤ ਦਾ ਦੁੱਖ–ਸੁਖ ਠਾਠਾਂ ਮਾਰਦੇ ਇੱਕ ਜਜ਼ਬੇ ਵਾਂਗ ਹੈ । ਦੋਸਤੀ ਹੀਰਿਆਂ, ਸੋਨੇ ਤੇ ਹੋਰ ਅਜਿਹੀਆਂ ਕੀਮਤੀ ਚੀਜ਼ਾਂ ਦੀ ਖਾਣ ਹੁੰਦੀ ਹੈ ।

## ਭਾਗ ਤੀਜਾ : ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)

## (PART C : Literature (Text-Books Based Questions) *14*

***ਕਵਿਤਾਵਾਂ ਵਿਚੋ*** *(ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ 20 – 25 ਸ਼ਬਦਾਂ ਵਿੱਚ ਲਿਖੋ)* *2×2=4*

**4.** ‘ਮਾਂਏ ਤੇਰਾ ਜੋੜਾ ਦਾਦੇ ਕੋਲ਼ ਹੈ ਜਾ ਵੱਸਿਆ’ ਇਸ ਵਾਕ ਦੇ ਪ੍ਰਸੰਗ ਨੂੰ ਸੱਪਸ਼ਟ ਕਰੋ ।

**5.** ‘ਚੁੰਮ ਚੁੰਮ ਰੱਖੋ’ ਕਵਿਤਾ ਵਿੱਚ ਕਵੀ ਕਿਸ ਭਾਵ ਸਥਿਤੀ ਦਾ ਵਰਨਣ ਕਰ ਰਿਹਾ ਹੈ ?

**6.** ‘ਮਾਂ ਦੇ ਬੁੱਲ੍ਹ ਬਰਾਨਾਂ ਉਤੇ ਕਦੀ ਨ ਉੱਗੀ ਹਰੀ ਕਰੂਮਲ’ ਇਨ੍ਹਾਂ ਸਤਰਾਂ ਦਾ ਭਾਵ ਸੱਪਸ਼ਟ ਕਰੋ ।

**7.** ‘ਮੇਰਾ ਬਚਪਨ’ ਕਵਿਤਾ ਦਾ ਭਾਵਾਰਥ ਸੱਪਸ਼ਟ ਕਰੋ ।

***ਕਹਾਣੀ ਵਿਚੋਂ*** *(ਕਿਸੇ **ਇੱਕ** ਪ੍ਰਸ਼ਨ ਦਾ ਉੱਤਰ 30 – 35 ਸ਼ਬਦਾਂ ਵਿੱਚ ਲਿਖੋ)* *1×4=4*

**8.** ਲੇਖਕ ਕਿਸ ਨੂੰ ਕਿਸ ਬਾਰੇ ਚਿੱਠੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ ?

**9.** ਰਿਕਸ਼ੇ ਵਾਲੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

***ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ*** *(ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ 25 – 30 ਸ਼ਬਦਾਂ ਵਿੱਚ ਲਿਖੋ)* *2×3=6*

**10.** ‘ਗੁੜ੍ਹਤੀ’ ਦੀ ਰਸਮ ਬਾਰੇ ਜਾਣਕਾਰੀ ਦਿਓ ।

**11.** ‘ਕੁੜਮਾਈ’ ਜਾਂ ‘ਸਗਾਈ’ ਦੀ ਰਸਮ ਬਾਰੇ ਤੁਸੀਂ ਕੀ ਜਾਣਦੇ ਹੋ ?

**12.** ‘ਖਿੱਦੋ-ਖੂੰਡੀ’ ਦੀ ਖੇਡ ਬਾਰੇ ਜਾਣਕਾਰੀ ਦਿਓ ।

**13.** ਲੋਕ-ਖੇਡਾਂ ਦੇ ਮਹੱਤਵ ਬਾਰੇ ਆਪਣੇ ਵਿਚਾਰ ਦੱਸੋ ।